# ਜਗ ਬਾਣੀ

**Thursday. 26 May 2022**


# ਰੁਪਏ ਦੀ ਗਿਰਾਵਟ ਨੂੰ ਰੋਕਣਾ ਜ਼ਰੂਰੀ

ਰੂਸ-ਯੂਕ੍ਰੇਨ ਸੰਕਟ ਅਤੇ ਅਮਰੀਕੀ ਫੈਡਰਲ ਰਿਜ਼ਰਵ ਦੀ ਵਿਆਜ ਦਰ 'ਚ ਹੋਏ ਵਾਧੇ ਨੂੰ ਰੁਪਏ ਦੀ ਮੌਜੂਦਾ ਕਮਜ਼ੋਰੀ ਦੇ ਪਿੱਛੇ ਦਾ ਕਾਰਨ ਦੱਸਿਆ ਜਾ ਰਿਹਾ ਹੈ ਕਿਉਂਕਿ ਯੂਕ੍ਰੇਨ ਸੰਕਟ ਦੇ ਕਾਰਨ ਸਪਲਾਈ ਲੜੀ ਰੁਕੀ ਹੋਈ ਹੈ। ਕੌਮਾਂਤਰੀ ਬਾਜ਼ਾਰ ਮਹਿੰਗਾਈ ਦਾ ਆਸਮਾਨ ਛੂਹ ਰਹੇ ਹਨ, ਖਾਸ ਤੌਰ 'ਤੇ ਦੇਖਿਆ ਜਾਵੇ ਤਾਂ ਕੱਚੇ ਤੇਲ ਦੀਆਂ ਕੀਮਤਾਂ। ਮਹਿੰਗੇ ਕੱਚੇ ਤੇਲ ਲਈ ਵੱਧ ਡਾਲਰ ਅਦਾ ਕਰਨ ਕਾਰਨ ਡਾਲਰ ਦੀ ਮੰਗ ਦਿਨ ਪ੍ਰਤੀਦਿਨ ਵਧਦੀ ਹੀ ਜਾ ਰਹੀ ਹੈ, ਦੂਜੇ ਪਾਸੇ ਫੈਡਰਲ ਰਿਜ਼ਰਵ ਨੇ ਦੋ ਦਹਾਕਿਆਂ 'ਚ ਪਹਿਲੀ ਵਾਰ ਵਿਆਜ ਦਰ 'ਚ 50 ਆਧਾਰ ਅੰਕਾਂ ਦਾ ਵਾਧਾ ਕੀਤਾ ਹੈ। ਇਸ ਨਾਲ ਖੁਦ ਹੀ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (ਐੱਫ.ਆਈ.ਆਈ.) ਦਾ ਆਕਰਸ਼ਨ ਅਮਰੀਕੀ ਅਰਥਵਿਵਸਥਾ ਵੱਲ ਵਧਿਆ ਹੈ।

ਭਾਰਤ ਦੇ ਅਸਥਾਈ ਆਰਥਿਕ ਵਾਤਾਵਰਣ ਦੇ ਬਦਲੇ ਅਮਰੀਕੀ ਅਰਥਵਿਵਸਥਾ 'ਚ ਨਿਵੇਸ਼ ਨੂੰ ਉਹ ਵੱਧ ਸੁਰੱਖਿਅਤ ਸਮਝ ਰਹੇ ਹਨ। ਇਸ ਕਾਰਣ ਭਾਰਤੀ ਸ਼ੇਅਰ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ਕਾਂ ਨੇ ਜ਼ੋਰਦਾਰ ਬਿਕਵਾਲੀ ਸ਼ੁਰੂ ਕਰ ਦਿੱਤੀ ਹੈ। ਇਸ ਸਾਲ ਹੁਣ ਤੱਕ ਐੱਫ.ਆਈ.ਆਈ ਦੀ 1.3 ਲੱਖ ਕਰੋੜ ਰੁਪਏ ਦੀ ਬਿਕਵਾਲੀ ਹੋ ਚੁੱਕੀ ਹੈ। ਇਹ ਸਿਲਸਿਲਾ ਜਾਰੀ ਹੈ ਅਤੇ ਅੱਗੇ ਵੀ ਜਾਰੀ ਰਹਿਣ ਦਾ ਖਦਸ਼ਾ ਹੈ।

ਐੱਫ.ਆਈ.ਆਈ. ਦੀ ਬਿਕਵਾਲੀ ਨਾਲ ਰੁਪਏ ਦੀ ਮੰਗ ਹੋਰ ਘਟੀ, ਜੋ 9 ਮਈ ਨੂੰ ਲਗਭਗ ਰਸਾਤਲ 'ਚ ਹੀ ਪੁਹੰਚ ਗਈ ਸੀ, ਜਦਕਿ ਡਾਲਰ 20 ਸਾਲ ਦੇਸਭ ਤੋਂ ਉੱਚੇ ਪੱਧਰ 'ਤੇ ਬਿਰਾਜਮਾਨ ਹੈ। ਪਿਛਲੇ ਅੰਕੜੇ ਚੁਕ ਕੇ ਦੇਖੀਏ ਤਾਂ ਰੁਪਏ 'ਚ ਗਿਰਾਵਟ ਦੀ ਘਟਨਾ ਨਵੀਂ ਨਹੀਂ ਹੈ। ਸਗੋਂ ਇਸ ਦਾ ਆਪਣਾ ਲੰਬਾ ਇਤਿਹਾਸ ਰਿਹਾ ਹੈ ਜਿਸ ਦੀ ਸ਼ੁਰੂਆਤ ਸੰਨ 1966 ਦੇ ਬਾਅਦ ਹੁੰਦੀ ਹੈ, ਜਦੋਂ ਰੁਪਏ ਨੂੰ ਪਹਿਲੀ ਵਾਰ ਡਾਲਰ ਦੇ ਮੁਕਾਬਲੇ ਮਿਥਿਆ ਗਿਆ। ਉਸ ਸਮੇਂ ਰੁਪਏ ਦੀ ਕੀਮਤ ਡਾਲਰ ਦੇ ਬਰਾਬਰ ਹੁੰਦੀ ਸੀ। ਇਸ ਤੋਂ ਪਹਿਲਾਂ ਤੱਕ ਰੁਪਏ ਬ੍ਰਿਟਿਸ਼ ਪਾਊਂਡ ਨਾਲ ਜੁੜਿਆ ਹੋਇਆ ਸੀ। ਆਜ਼ਾਦੀ ਦੇ ਬਾਅਦ ਸੰਨ 1966 ਤੱਕ 1 ਪਾਊਂਡ ਦੀ ਕੀਮਤ 13 ਰੁਪਏ 'ਤੇ ਠਹਿਰੀ ਹੋਈ ਸੀ। ਸੰਨ 1944 'ਚ ਬ੍ਰੇਟਨ ਵੁਡਸ ਸਮਝੌਤਾ ਹੋਇਆ, ਜਿਸ 'ਚ ਭਾਰਤ ਵੀ ਭਾਈਵਾਲ ਰਿਹਾ ਸੀ ਜਿਸ ਦੇ ਤਹਿਤ ਕਿਸੇ ਵੀ ਮੈਂਬਰ ਦੇਸ਼ ਨੂੰ ਆਪਣੀ ਮੁਦਰਾ ਦੀ ਕੀਮਤ ਸੋਨੇ ਜਾਂ ਡਾਲਰ ਦੇ ਮੁਕਾਬਲੇ ਖੁਦ ਤੈਅ ਕਰਨੀ ਸੀ।

ਬਦਕਿਸਮਤੀ ਨਾਲ ਇਸੇ ਸਾਲ ਸੰਨ 1967 'ਚ ਭਾਰਤ ਨੂੰ ਆਰਥਿਕ ਸੰਕਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਤਤਕਾਲੀ ਸਰਕਾਰ ਨੇ ਸੰਕਟ ਤੋਂ ਛੁਟਕਾਰਾ ਪਾਉਣ ਲਈ ਪਹਿਲੀ ਵਾਰ ਰੁਪਏ ਦੀ ਕੀਮਤ ਘਟਾ ਕੇ ਇਕ ਡਾਲਰ ਦੇ ਮੁਕਾਬਲੇ ਸਾਢੇ ਸੱਤ ਰੁਪਏ ਕਰ ਦਿੱਤੀ। ਬ੍ਰੇਟਨ ਵੁਡਸ ਸਮਝੌਤਾ ਸੰਨ 1971 'ਚ ਟੁੱਟ ਗਿਆ ਅਤੇ ਭਾਰਤ ਨੇ ਬਰਾਬਰ ਮੁਲਾਂਕਣ ਪ੍ਰਣਾਲੀ ਦੇ ਬਦਲੇ ਇਕ ਨਿਸ਼ਚਿਤ ਦਰ ਪ੍ਰਣਾਲੀ ਅਪਣਾ ਲਈ। ਇਸ ਮੁਲਾਂਕਣ ਪ੍ਰਣਾਲੀ ਦਾ ਜੁੜਾਅ ਬ੍ਰਿਟਿਸ਼ ਪਾਊਂਡ ਸਟਰਲਿੰਗ ਨਾਲ ਸੀ। ਇਕਹਿਰੀ ਮੁਦਰਾ ਨਾਲ ਜੁੜਾਅ ਅਸੰਤੁਲਨ ਅਤੇ ਨੁਕਸਾਨ ਵਧਾਉਣ ਵਾਲਾ ਸੀ ਜਿਸ ਨਾਲ ਨਜਿੱਠਣ ਲਈ ਸੰਨ 1975 'ਚ ਰੁਪਏ ਨੂੰ




**ਪ੍ਰਿੰ. ਡਾ. ਮੋਹਨ ਲਾਲ ਸ਼ਰਮਾ**


ਕਈ ਮੁਦਰਾਵਾਂ ਦੇ ਇਕ ਬਾਸਕੇਟ ਨਾਲ ਜੋੜ ਦਿੱਤਾ ਗਿਆ। ਉਸ ਦੇ ਬਾਅਦ 80 ਦੇ ਦਹਾਕੇ 'ਚ ਸੋਵੀਅਤ ਸੰਘ ਟੁੱਟ ਗਿਆ ਤੇ ਭਾਰਤ 'ਚ ਆਰਥਿਕ ਸੰਕਟ ਦੀ ਇਕ ਵਾਰ ਫਿਰ ਵਾਪਸੀ ਹੋਈ। ਆਰ.ਬੀ.ਆਈ. ਨੇ ਇਕ ਵਾਰ ਫਿਰ ਸੰਨ 1991 'ਚ ਰੁਪਏ ਦਾ 11 ਫੀਸਦੀ ਮੁਲਾਂਕਣ ਕੀਤਾ। ਇਸ ਦੇ ਨਾਲ ਹੀ ਭਾਰਤ ਨਿਸ਼ਚਿਤ ਦਰ ਪ੍ਰਣਾਲੀ ਤੋਂ ਬਾਹਰ ਨਿਕਲ ਕੇ ਬਾਜ਼ਾਰ ਆਧਾਰਿਤ ਮੁਦਰਾ ਦਰ ਪ੍ਰਣਾਲੀ ਨਾਲ ਜੁੜ ਗਿਆ।

ਇਸ ਦੇ ਨਤੀਜੇ ਵਜੋਂ ਸੰਨ 1992 'ਚ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ 25.92 ਰੁਪਏ ਤੱਕ ਡਿਗ ਗਈ। ਸਾਲ 2002 ਤੱਕ ਰੁਪਇਆ ਡਾਲਰ ਦੇ ਮੁਕਾਬਲੇ 48.99 ਰੁਪਏ 'ਤੇ ਆ ਗਿਆ। ਸਾਲ 2007 'ਚ ਪਹਿਲੀ ਵਾਰ ਰੁਪਏ ਦੀ ਕੀਮਤ 'ਚ ਉਛਾਲ ਆਇਆ ਅਤੇ ਇਹ 39.27 'ਤੇ ਪਹੁੰਚ ਗਿਆ। ਉਸ ਸਮੇਂ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ. ਡੀ.ਆਈ.) ਦੀ ਲਗਾਤਾਰ ਆਮਦ ਦੇ ਕਾਰਨ ਸ਼ੇਅਰ ਬਾਜ਼ਾਰ ਸੱਤਵੇਂ ਆਸਮਾਨ 'ਤੇ ਸੀ ਪਰ ਸਾਲ 2008 ਦੀ ਮੰਦੀ ਨੇ ਸਾਲ 2009 ਤੱਕ ਰੁਪਏ ਨੂੰ ਡਾਲਰ ਦੇ ਮੁਕਾਬਲੇ 51.57 ਰੁਪਏ 'ਤੇ ਡੇਗ ਦਿੱਤਾ ਅਤੇ ਸਾਲ 2013 ਤੱਕ ਰੁਪਇਆ 56.57 ਰੁਪਏ ਦੇ ਪੱਧਰ 'ਤੇ ਪਹੁੰਚ ਗਿਆ।

ਇਸ ਦੇ ਬਾਅਦ ਸਾਲ 2016 ਦੀ ਨੋਟਬੰਦੀ ਰੁਪਏ ਦੇ ਲਈ ਭਸਮਾਸੁਰ ਸਾਬਤ ਹੋਈ, ਜਦੋਂ ਉਸ ਦੀ ਕੀਮਤ 68.77 ਰੁਪਏ ਦੇ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਈ, ਫਿਰ ਸਾਲ 2020 ਦੀ ਮਹਾਮਾਰੀ ਨੇ ਰੁਪਏ ਨੂੰ ਹੋਰ ਹੇਠਾਂ ਪਹੁੰਚਾਇਆ। ਮਾਰਚ 2020 'ਚ ਰੁਪਇਆ 76.67 'ਤੇ ਅਤੇ ਮਾਰਚ 2022 'ਚ 76.98 ਦੇ ਇਤਿਹਾਸਕ ਹੇਠਲੇ ਪੱਧਰ 'ਤੇ ਪਹੁੰਚ ਗਿਆ।



ਰੁਪਏ ਦੀ ਕਮਜ਼ੋਰੀ 'ਚ ਹਾਲਾਂਕਿ ਮਜ਼ਬੂਤੀ ਦਾ ਵੀ ਇਕ ਪੱਖ ਹੈ। ਆਰ.ਬੀ.ਆਈ. ਨੇ ਇਸੇ ਮਜ਼ਬੂਤੀ ਲਈ ਅਤੀਤ 'ਚ ਰੁਪਏ ਦੀ ਕੀਮਤ ਦੋ ਵਾਰ ਘਟਾਈ ਸੀ। ਰੁਪਏ ਦੀ ਮੌਜੂਦਾ ਕਮਜ਼ੋਰੀ 'ਚ ਮਜ਼ਬੂਤੀ ਦਾ ਪੱਖ ਉਨ੍ਹਾਂ ਵਸਤੂਆਂ ਤੇ ਸੇਵਾਵਾਂ ਦੀ ਬਰਾਮਦ 'ਚ ਲੁਕਿਆ ਹੈ ਜਿਨ੍ਹਾਂ ਦੇ ਉਤਪਾਦਨ 'ਚ ਬਰਾਮਦ ਕੀਤਾ ਕੱਚਾ ਮਾਲ ਜਾਂ ਪੁਰਜ਼ਿਆਂ ਦੀ ਭੂਮਿਕਾ ਨਿਗੂਣੀ ਹੈ। ਸਾਫਟਵੇਅਰ ਕੱਪੜਾ ਅਤੇ ਖੇਤੀਬਾੜੀ ਵਰਗੇ ਖੇਤਰ ਇਸ ਦਾ ਲਾਭ ਉਠਾ ਸਕਦੇ ਹਨ। ਭਾਰਤ ਕਿਉਂਕਿ ਦਰਾਮਦ ਵੱਧ ਕਰਦਾ ਹੈ, ਇਸ ਲਈ ਰੁਪਏ ਦੀ ਕਮਜ਼ੋਰੀ ਨਾਲ ਨੁਕਸਾਨ ਵੱਧ ਹੋਣ ਵਾਲਾ ਹੈ। ਵਿੱਤੀ ਸਾਲ 2021-22 'ਚ ਦੇਸ਼ ਦਾ ਦਰਾਮਦ 611.89 ਅਰਬ ਡਾਲਰ ਦਾ ਰਿਹਾ, ਜਦਕਿ ਬਰਾਮਦ 419.65 ਅਰਬ ਡਾਲਰ ਸੀ। ਭਾਵ ਵਿੱਤੀ ਸਾਲ 2021-22 'ਚ ਦੇਸ਼ ਦਾ ਵਪਾਰ ਘਾਟਾ ਵਧ ਕੇ 192.24 ਅਰਬ ਡਾਲਰ ਹੋ ਗਿਆ ਜੋ ਵਿੱਤੀ ਸਾਲ 2020-21 'ਚ 102.63 ਅਰਬ ਡਾਲਰ ਸੀ।

ਅਜਿਹੇ 'ਚ ਡਾਲਰ ਦੀ ਡਿਗਦੀ ਕੀਮਤ ਨੂੰ ਰੋਕਣਾ ਜ਼ਰੂਰੀ ਹੈ। ਨੀਤੀਗਤ ਉਪਾਅ ਦੇ ਤਹਿਤ ਆਰ.ਬੀ.ਆਈ. ਵਿਆਜ ਦਰ ਵਧਾ ਕੇ ਬਾਜ਼ਾਰ 'ਚ ਤਰਲਤਾ ਘਟਾ ਕੇ ਰੁਪਏ ਦੀ ਮੰਗ ਵਧਾਉਣ ਦੀ ਕੋਸ਼ਿਸ਼ ਕਰਦਾ ਹੈ, ਦੂਜੇ ਬਾਜ਼ਾਰ 'ਚ ਡਾਲਰ ਦੀ ਸਪਲਾਈ ਵਧਾਉਣ ਲਈ ਵਿਦੇਸ਼ੀ ਮੁਦਰਾ ਭੰਡਾਰ ਤੋਂ ਡਾਲਰ ਵੇਚਦਾ ਹੈ ਪਰ ਵਿਆਜ ਦਰ ਵਧਾਉਣ ਦਾ ਆਰ.ਬੀ.ਆਈ. ਦਾ ਕਦਮ ਨਾਕਾਮ ਸਾਬਤ ਹੋਇਆ ਕਿਉਂਕਿ ਰੁਪਏ ਦਾ ਇਤਿਹਾਸਕ ਮੁਲਾਂਕਣ 4 ਮਈ ਨੂੰ ਵਿਆਜ ਦਰ 'ਚ 40 ਆਧਾਰ ਅੰਕਾਂ ਦੇ ਵਾਧੇ ਦੇ ਬਾਅਦ ਹੋਇਆ ਹੈ। ਆਰ.ਬੀ.ਆਈ. ਦੇ ਲਈ ਬਾਜ਼ਾਰ 'ਚ ਡਾਲਰ ਦੀ ਸਪਲਾਈ ਬਣਾਉਣਾ ਵੀ ਮੁਸ਼ਕਲ ਭਰਿਆ ਕਦਮ ਹੈ ਕਿਉਂਕਿ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 600 ਅਰਬ ਡਾਲਰ ਤੋਂ ਹੇਠਾਂ ਚਲਾ ਗਿਆ ਹੈ। ਇਸ 'ਚ ਲਗਾਤਾਰ ਗਿਰਾਵਟ ਦਾ ਰੁਖ ਬਣਿਆ ਹੋਇਆ ਹੈ।

ਅਜੇ ਵੀ ਸਮਾਂ ਹੈ ਕਿ ਮੋਟੀ ਕਮਾਈ ਵਾਲਿਆਂ 'ਤੇ ਪ੍ਰਤੱਖ ਅਤੇ ਕਾਰਪੋਰੇਟ ਟੈਕਸ ਵਧਾਇਆ ਜਾਵੇ। ਅਪ੍ਰਤੱਖ ਟੈਕਸ ਘਟਾ ਕੇ ਮਹਿੰਗਾਈ ਹੇਠਾਂ ਲਿਆਂਦੀ ਜਾਵੇ, ਇਸ ਨਾਲ ਬਾਜ਼ਾਰ 'ਚ ਮੰਗ ਵਧੇਗੀ, ਨੌਕਰੀਆਂ ਪੈਦਾ ਹੋਣਗੀਆਂ। ਅਰਥਵਿਵਸਥਾ ਸਥਿਰ ਹੋਵੇਗੀ ਤਾਂ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਵਧੇਗਾ। ਰੁਪਇਆ ਮਜ਼ਬੂਤ ਹੋਵੇਗਾ ਨਹੀਂ ਤਾਂ ਰੁਪਇਆ ਜਿਸ ਕਾਲੇ ਸਾਗਰ 'ਚ ਹੈ, ਉੱਥੋਂ ਕੰਢੇ 'ਤੇ ਕਿਵੇਂ ਆਇਆ ਜਾਵੇ, ਕਹਿ ਸਕਣਾ ਔਖਾ ਹੈ।


**drmlsharma5@gmail.com**